# BUDHA DAL PUBLIC SCHOOL, PATIALA

**FINAL EXAMINATION (22 March 2025)**

**Class - V**

**Punjabi (Set - A)**

**Time: 3 hrs.** **MM: 80**

ਨੋਟ:

**ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਯਤਨ ਕਰੋ।**

**ਪੜ੍ਹਨ-ਕੌਸ਼ਲ**

**ਪ੍ਰ1. ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ।** (5)

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਹੈ। ਇਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਇਸ ਦੀ ਨੀਂਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਕ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਜੀ ਕੋਲ਼ੋਂ ਰਖਵਾਈ ਸੀ। ਸ੍ਰੀ ਹਰਿਮੰਦਰ ਸਾਹਿਬ ਇੱਕ ਵੱਡੇ ਸਰੋਵਰ ਦੇ ਵਿਚਕਾਰ ਹੈ। ਅੰਮ੍ਰਿਤ ਸਰੋਵਰ ਪੰਜ ਸੌ ਫੁੱਟ ਲੰਬਾ ਅਤੇ ਚਾਰ ਸੌ ਨੱਬੇ ਫੁੱਟ ਚੌੜਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਉਪਮਾ ਵਿੱਚ ਕਿਹਾ ਗਿਆ ਹੈ, "ਡਿੱਠੇ ਸਭੇ ਥਾਵ ਨਹੀਂ ਤੁਧੁ ਜੇਹਿਆ।"

1. ਸ੍ਰੀ ਦਰਬਾਰ ਸਾਹਿਬ ਕਿਸ ਨਾਂ ਨਾਲ਼ ਜਾਣਿਆ ਜਾਂਦਾ ਹੈ?
2. ਸ੍ਰੀ ਦਰਬਾਰ ਸਾਹਿਬ ਕਿਹੜੇ ਸ਼ਹਿਰ ਵਿੱਚ ਹੈ?
3. ਅੰਮ੍ਰਿਤ ਸਰੋਵਰ ਦਾ ਅਕਾਰ ਕਿੰਨ੍ਹਾ ਹੈ?
4. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸਨੇ ਰੱਖੀ ਸੀ?
5. ਸ੍ਰੀ ਹਰਿਮੰਦਰ ਸਾਹਿਬ ਦੀ ਉਪਮਾ ਵਿੱਚ ਕੀ ਕਿਹਾ ਗਿਆ ਹੈ?

**ਪ੍ਰ2. ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।** (3)

**ਕਿੱਕਰ, ਨਿੰਮ, ਟਾਹਲੀ ਤੇ ਬੋਹੜ,**
**ਜਾਮਣ, ਅੰਬ ਦੀ ਰਹੇ ਨਾ ਥੋੜ੍ਹ।**
**ਖਾਉ ਫ਼ਲ ਤੇ ਮਾਣੋ ਛਾਵਾਂ,**
**ਪੀੜ੍ਹੀ-ਦਰ-ਪੀੜੀ ਸੁੱਖ ਹੀ ਸੁੱਖ।**
**ਬੱਚਿਉ ਤੁਸੀਂ ਵੀ ਲਾਉ ਰੁੱਖ।**
**ਹੋਵਣ ਵੱਡੇ ਮਾਣੋ ਸੁੱਖ।**

ਪ੍ਰ1. ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ?
ਪ੍ਰ2. ਇਸ ਵਿੱਚ ਕਿਹੜੇ-ਕਿਹੜੇ ਰੁੱਖਾਂ ਦੇ ਨਾਂ ਆਏ ਹਨ?
ਪ੍ਰ3. ਕਵੀ ਪੀੜ੍ਹੀ-ਦਰ-ਪੀੜ੍ਹੀ ਬਾਰੇ ਕੀ ਕਹਿ ਰਿਹਾ ਹੈ?

**ਵਿਆਕਰਨ**

**ਪ੍ਰ3. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ।** (4)

1. ਕੰਨ ਭਰਨਾ
2. ਚਰਨ ਧੋ ਕੇ ਪੀਣਾ
3. ਟਕੇ ਵਰਗਾ ਜਵਾਬ ਦੇਣਾ

4. ਘਿਉ ਦੇ ਦੀਵੇ ਬਾਲਣਾ

**ਪ4. ਹੇਠਾਂ ਲਿਖੇ ਸ਼ਬਦਾਂ ਦੀ ਮਦਦ ਨਾਲ ਅਖਾਣ ਪੂਰੇ ਕਰੋ।** (4)

**(ਮੀਆਂ, ਖੂਹ, ਸਪੋਲੀਆ, ਕੁੱਛੜ)**

1. ਸੱਪ ਦਾ ਬੱਚਾ ..................।
2. ................ ਕੁੜੀ, ਸ਼ਹਿਰ ਢੰਡੋਰਾ।
3. ਆਪਣੇ ਮੂੰਹ .................. ਮਿੱਠੂ।
4. ਨੇਕੀ ਕਰ ................. ਵਿੱਚ ਪਾ

**ਪ੍ਰ5. ਹੇਠ ਲਿਖੇ ਵਾਕਾਂ ਵਿੱਚ ਲੋੜੀਂਦੇ ਵਿਸ਼ਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ।** (4)

1. ਜਲੰਧਰ ਪਟਿਆਲਾ ਅਤੇ ਲੁਧਿਆਣਾ ਪੰਜਾਬ ਦੇ ਵੱਡੇ ਸ਼ਹਿਰ ਹਨ
2. ਚਾਹ ਬਹੁਤ ਮਿੱਠੀ ਹੈ
3. ਵਾਹ ਮੈਂ ਠੀਕ ਹੋ ਗਿਆ
4. ਤੁਹਾਡਾ ਘਰ ਕਿੱਥੇ ਹੈ

**ਪ੍ਰ6. ਹੇਠਾਂ ਲਿਖੇ ਸ਼ਬਦਾਂ ਦੇ ਵੱਖ-ਵੱਖ ਅਰਥ ਦੱਸਕੇ ਵਾਕ ਬਣਾਉ।(ਬਹੁਅਰਥਕ ਸ਼ਬਦ)** (4)

ਘੜੀ, ਹਾਰ

**ਪ੍ਰ7. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ।** (3)

ਸੰਤ, ਨਵਾਬ, ਸਪੇਰਾ, ਪਟਵਾਰੀ, ਮਾਸੜ, ਸ਼ੇਰ

**ਪ੍ਰ8. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ।** (3)

ਗੰਨਾ, ਰੱਸੀ, ਮੰਜਾ, ਸੀਟੀ, ਰੌਣਕ, ਕਲਮ

**ਪ੍ਰ9. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।** (3)

ਸਸਤਾ, ਸ਼ਾਂਤੀ, ਹਾਨੀ, ਕੋਮਲ, ਨਾਸਤਕ, ਅਮਨ

**ਪ੍ਰ10. ਹੇਠ ਲਿਖੇ ਅਸ਼ੁੱਧ ਸ਼ਬਦਾਂ ਦੇ ਸ਼ੁੱਧ ਸ਼ਬਦ ਲਿਖੋ।** (3)

ਸੇਹਤ, ਕਵਿ, ਡਰਣਾ, ਕੀਤਾਬ, ਮੰਤ੍ਰੀ, ਸੁੰਦ੍ਰ

**ਪ੍ਰ11. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਅੱਗੇ ( ) ਦਾ ਨਿਸ਼ਾਨ ਲਗਾਉ।** (5)

1. ਜਿਹੜੇ ਸ਼ਬਦ ਮੂਲ ਸ਼ਬਦਾਂ ਦੇ ਅੱਗੇ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਨ ਵਾਲੇ ਸ਼ਬਦ ਦੀ ਅਖਵਾਉਂਦੇ ਹਨ?

   ੳ) ਅਗੇਤਰ ਅ) ਪਿਛੇਤਰ

2. ਪਿਛੇਤਰ ਸ਼ਬਦ ਕਿਹੜੇ ਹੁੰਦੇ ਹਨ?

   ੳ) ਮੂਲ ਸ਼ਬਦ ਅ) ਮੂਲ ਸ਼ਬਦਾਂ ਦੇ ਪਿੱਛੇ ਲੱਗਕੇ ਬਣੇ ਸ਼ਬਦ

3. 'ਸ' ਦਾ ਅਗੇਤਰ ਸ਼ਬਦ ਚੁਣੋ:

ੳ) ਸਹਿਯੋਗ ਅ) ਸਰੂਪ

4. 'ਹਾਰ' ਦਾ ਪਿਛੇਤਰ ਸ਼ਬਦ ਚੁਣੋ:

ੳ) ਹੋਣਹਾਰ ਅ) ਨਾਵਲਹਾਰ

5. 'ਣੀ' ਦਾ ਅਗੇਤਰ ਸ਼ਬਦ ਚੁਣੋ:

ੳ) ਮਹੰਤਨੀ ਅ) ਸੰਤਣੀ

**ਪਾਠ-ਪੁਸਤਕ ਤੇ ਅਧਾਰਿਤ**

**ਪ੍ਰ12. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਚਾਰ)** (4)

1. ਚਿੜੀ ਨੇ ਰਾਜੇ ਨੂੰ ਕਿੰਨੀਆਂ ਗੱਲਾਂ ਦੱਸੀਆਂ?
2. ਸਾਰਾ ਸ਼ਹਿਰ ਕਿਉਂ ਦੁਖੀ ਸੀ?
3. ਪਣ-ਬਿਜਲੀ ਤੋਂ ਕੀ ਭਾਵ ਹੈ?
4. ਬਿਜਲੀ ਸਰਦੀਆਂ ਵਿੱਚ ਸਾਡੇ ਮਕਾਨਾਂ ਨੂੰ ਕੀ ਰੱਖਦੀ ਹੈ?
5. ਕੀ ਰਾਜੇ ਨੇ ਚਿੜੀ ਦੀਆਂ ਸਾਰੀਆਂ ਗੱਲਾਂ ਮੰਨ ਲਈਆਂ ਸਨ?

**ਪ੍ਰ13. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦੋ-ਤਿੰਨ ਸਤਰਾਂ ਵਿੱਚ ਦਿਓ। (ਕੋਈ ਚਾਰ)** (8)

1. ਚਿੜੀ ਦੁਆਰਾ ਰਾਜੇ ਨੂੰ ਪਹਿਲੀ ਅਤੇ ਤੀਸਰੀ ਗੱਲ ਕਿਹੜੀ ਦੱਸੀ ਗਈ?
2. ਰਾਜੇ ਨੇ ਪਹਿਰੇਦਾਰਾਂ ਨੂੰ ਕੀ ਹੁਕਮ ਦਿੱਤਾ?
3. ਫ਼ਕੀਰ ਨੇ ਰਾਜਕੁਮਾਰੀ ਨੂੰ ਕੀ ਅਸੀਸ ਦਿੱਤੀ?
4. 'ਰਾਜਕੁਮਾਰੀ ਦੀ ਉਦਾਸੀ' ਕਹਾਣੀ ਦੇ ਅੰਤ ਵਿੱਚ ਕੀ ਹੋਇਆ?
5. ਰਾਜੇ ਨੇ ਕੀ ਬਣਵਾਇਆ ਸੀ?

**ਪ੍ਰ14. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (5)

**(ਗ਼ਾਇਬ, ਹੀਰੇ, ਜਾਲ਼, ਕਾਰਖ਼ਾਨੇ, ਲੋੜਾਂ)**

1. ਚਿੜੀ ਦੇ ਪੈਰ ਨਾਲ਼ ਦੋ ਕੀਮਤੀ ................ ਬੰਨ੍ਹੇ ਹੋਏ ਸਨ?
2. ਬਿਜਲੀ ................ ਚਲਾਉਂਦੀ ਹੈ।
3. ਨੌਕਰਾਂ ਨੇ ਬਾਗ਼ ਵਿੱਚ ................. ਲਾਇਆ।
4. ਕਿੰਨੇ ਦਰੱਖ਼ਤ ................. ਹੋ ਗਏ ਹਨ।
5. ਬਿਜਲੀ ਜ਼ਿੰਦਗੀ ਦੀਆਂ ਮੂਲਭੂਤ ................. ਵਿੱਚ ਸ਼ਾਮਲ ਹੈ।

**ਪ੍ਰ15. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗਲਤ ਲਿਖੋ।** (5)

1. ਰਾਜੇ ਦਾ ਆਪਣੀ ਧੀ ਨਾਲ਼ ਕੋਈ ਪਿਆਰ ਨਹੀਂ ਸੀ।
2. ਸਾਰੇ ਲੋਕ ਬਿਜਲੀ ਦੀ ਦੁਰਵਰਤੋਂ ਕਰਦੇ ਹਨ।
3. ਹਰ ਵਿਅਕਤੀ ਨੂੰ ਬਿਜਲੀ ਦੇ ਬਿੱਲ ਨੂੰ ਬਚਾਉਣ ਦੀ ਚਿੰਤਾ ਨਹੀਂ ਹੁੰਦੀ।
4. ਫ਼ਕੀਰ ਨੇ ਰਾਜਕੁਮਾਰੀ ਦੀ ਸਾਰੀ ਗੱਲ ਸਮਝ ਲਈ।
5. ਚਿੜੀ ਬਹੁਤ ਸਿਆਣੀ ਸੀ।

**ਪ੍ਰ16. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ।** (4)

ਸੇਵਾ, ਦਰਬਾਰ, ਉਦਾਸ, ਬਿਜਲੀ, ਪੰਖੜੀਆਂ

**ਪ੍ਰ17. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਪਹਿਰੇਦਾਰ, ਇਸ਼ਾਰਾ, ਝਰੋਖਾ, ਵੀਰਾਨ

## ਲਿਖਣ-ਕੌਸ਼ਲ

**ਪ੍ਰ18. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (6)

**ਸ੍ਰੀ ਗੁਰੂ ਨਾਨਕ ਦੇਵ ਜੀ**

**ਨੁਕਤੇ:**

ਜਾਣ-ਪਛਾਣ, ਜਨਮ ਅਤੇ ਮਾਤਾ-ਪਿਤਾ, ਬਚਪਨ ਅਤੇ ਪੜ੍ਹਾਈ, ਮੱਝਾਂ ਚਰਾਉਣਾ, ਸੱਚਾ ਸੌਦਾ, ਵਿਆਹ ਅਤੇ ਬੱਚੇ, ਚਾਰ-ਉਦਾਸੀਆਂ, ਸਿੱਖਿਆਵਾਂ, ਜੋਤੀ-ਜੋਤ ਸਮਾਉਣਾ।

**ਜਾਂ**

**ਮੋਬਾਇਲ ਦੇ ਲਾਭ-ਹਾਨੀਆਂ**

**ਨੁਕਤੇ:**

ਜਾਣ-ਪਛਾਣ, ਕੰਮ-ਧੰਦੇ ਵਿੱਚ ਵਾਧਾ, ਸਮੇਂ ਦੀ ਬਚਤ, ਸੁਖ-ਸੁਨੇਹਾ ਭੇਜਣ ਦਾ ਸਾਧਨ, ਪੁਲਿਸ ਨੂੰ ਅਸਾਨੀਆਂ, ਹਾਨੀਆਂ।

**ਪ੍ਰ19.** ਪਿਤਾ ਜੀ ਕੋਲੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। (5)

**ਜਾਂ**

ਆਪਣੇ ਮਿੱਤਰ/ ਸਹੇਲੀ ਨੂੰ ਆਪਣੇ ਭਰਾ ਦੇ ਵਿਆਹ ਤੇ ਬੁਲਾਉਣ ਲਈ ਸੱਦਾ-ਪੱਤਰ ਲਿਖੋ।